ਦਸੰਬਰ/ਜਨਵਰੀ

ਸ਼੍ਰੇਣੀ-ਸੱਤਵੀਂ     ਵਿਸ਼ਾ-ਪੰਜਾਬੀ

ਤਿਆਰ ਕਰਤਾ-ਰਜਵੰਤ ਕੌਰ ਪੰਜਾਬੀ ਮਿਸਟ੍ਰੈੱਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾੜੀ ਬੁੱਚਿਆਂ ਗੁਰਦਾਸਪੁਰ।

ਮੁਹਾਵਰੇ (**71-80**)

**71 .** ਟਾਲ਼-ਮਟੋਲ਼ ਕਰਨਾ-(ਬਹਾਨੇ ਬਣਾਉਣਾ) ਹਰਜੀਤ ਨੇ ਮੇਰੇ ਤੋਂ ਪੈਸੇ ਉਧਾਰੇ ਲਏ ਸੀ ਜਦੋਂ ਮੈਂ ਮੰਗੇ ਤਾਂ ਟਾਲ਼-ਮਟੋਲ਼ ਕਰਨ ਲੱਗਾ।

**72.** ਠੰਢੀਆਂ ਛਾਂਵਾਂ-( ਸੁੱਖ ਮਾਣਨਾ) ਮਾਪੇ ਆਪਣੀ ਔਲਾਦ ਲਈ ਇਹੋ ਕਾਮਨਾ ਕਰਦੇ ਹਨ ਕਿ ਉਹ ਸਦਾ ਠੰਢੀਆਂ ਛਾਂਵਾਂ ਮਾਣੇ।

**73.** ਡਕਾਰ ਜਾਣਾ-( ਹਜ਼ਮ ਕਰ ਜਾਣਾ) ਮਹਿੰਦਰ ਦਾ ਲਾਲਚੀ ਭਰਾ ਉਸ ਨਾਲ਼ ਧੋਖਾ ਕਰਕੇ,ਉਸ ਦੇ ਹਿੱਸੇ ਦੀ ਸਾਰੀ ਜਾਇਦਾਦ ਡਕਾਰ ਗਿਆ।

**74.**ਢੇਰੀ ਢਾਹੁਣੀ-( ਹਿੰਮਤ ਹਾਰਨਾ) ਜ਼ਿੰਦਗੀ ਵਿੱਚ ਉਤਰਾਅ-ਚੜ੍ਹਾਅ ਤਾਂ ਆਉਂਦੇ ਹੀ ਨੇ,ਢੇਰੀ ਢਾਹਿਆਂ ਕੁੱਝ ਨਹੀਂ ਬਣਦਾ।

**75.** ਢਿੱਡ ਵਿੱਚ ਚੂਹੇ ਨੱਚਣਾ-(ਬਹੁਤ ਭੁੱਖ ਲੱਗਣੀ) ਭੁੱਖ ਨਾਲ਼ ਮੇਰੇ ਢਿੱਡ ਵਿੱਚ ਚੂਹੇ ਨੱਚ ਰਹੇ ਹਨ,ਮੈਨੂੰ ਕੁੱਝ ਖਾਣ ਲਈ ਚਾਹੀਦਾ ਹੈ।

**76.** ਤੀਰ ਹੋ ਜਾਣਾ- (ਭੱਜ ਜਾਣਾ) ਚੋਰ ਪੁਲਿਸ ਨੂੰ ਆਉਂਦਿਆਂ ਵੇਖ ਕੇ ਤੀਰ ਹੋ ਗਿਆ।

**77.** ਤੱਤੀ 'ਵਾ ਨਾ ਲੱਗਣੀ-(ਕੋਈ ਦੁੱਖ ਨਾ ਹੋਣਾ) ਜਿਨ੍ਹਾਂ ਦੇ ਸਿਰ 'ਤੇ ਪਰਮਾਤਮਾ ਦਾ ਹੱਥ ਹੋਵੇ, ਉਨ੍ਹਾਂ ਨੂੰ ਤੱਤੀ 'ਵਾ ਨਹੀਂ ਲੱਗਦੀ।

**78.** ਤ੍ਰਾਹ ਨਿਕਲ਼ਨਾ-( ਡਰ ਜਾਣਾ) ਸੱਪ ਦੇਖ ਕਿ ਮੇਰਾ ਤ੍ਰਾਹ ਨਿਕਲ਼ ਗਿਆ।

**79.** ਤਖ਼ਤਾ ਉਲਟਾਉਣਾ-(ਇਨਕਲਾਬ ਲਿਆਉਣਾ) ਮੁਗ਼ਲ ਬਾਦਸ਼ਾਹ ਆਪਣੀ ਹਕੂਮਤ ਦਾ ਤਖ਼ਤਾ ਉਲਟਾਉਣ ਦੀ ਕੋਸ਼ਿਸ਼ ਕਰਨ ਵਾਲ਼ਿਆਂ ਨੂੰ ਸਖ਼ਤ ਸਜ਼ਾਵਾਂ ਦਿੰਦੇ ਸਨ।

**80.** ਥੁੱਕ ਕੇ ਚੱਟਣਾ-(ਵਾਇਦੇ ਤੋਂ ਮੁੱਕਰਨਾ) ਅਣਖੀ ਲੋਕ ਕਦੇ ਵੀ ਥੁੱਕ ਕੇ ਨਹੀਂ ਚੱਟਦੇ,ਵਚਨ ਦਿੰਦੇ ਹਨ ਤਾਂ ਨਿਭਾਉਂਦੇ ਵੀ ਹਨ।